# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ./ਸੈ.ਸਿ) ਬਠਿੰਡਾ

ਕਮਰਾ ਨੰਬਰ 458,ਐੱਮ.ਆਈ.ਐੱਸ. ਵਿੰਗ ਤੀਸਰੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ।
ਫੋਨ ਨੰਬਰ: 0164-2970099, ਈ-ਮੇਲ: misbathinda@punjabeducation.gov.in

ਵੱਲ :-

ਸਮੂਹ ਬੀ.ਪੀ.ਈ.ਓ,
ਸਬੰਧਤ ਸਰਕਾਰੀ ਹਾਈ ਅਤੇ ਸੈਕੰਡਰੀ ਸਕੂਲ ਮੁੱਖੀ,
ਜ਼ਿਲ੍ਹਾ ਬਠਿੰਡਾ।
ਪੱਤਰ ਨੰ:- ਸਮਗਰਾ/ਐਮਆਈਐਸ/2022295339 ਮਿਤੀ :- 15-11-2022

ਵਿਸ਼ਾ: ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ **PM SHRI SCHOOL SCHEME** ਸਬੰਧੀ।

ਹਵਾਲਾ: 1) ਮੁੱਖ ਦਫਤਰ ਦੇ ਮੀਮੋ ਨੰ **SSA/Plan**/2022/292142 ਮਿਤੀ: 11-11-2022

2) ਭਾਰਤ ਸਰਕਾਰ ਦਾ **D.O.No.**-1-3/2022-**IS-19** ਮਿਤੀ: 15-09-2022

ਉਪਰੋਕਤ ਵਿਸ਼ੇ ਅਤੇ ਹਵਾਲੇ ਪੱਤਰ (ਨਾਲ ਨੱਥੀ) ਸਬੰਧੀ ਦੱਸਿਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋ **PM SHRI School Scheme** ਸ਼ੁਰੂ ਕੀਤੀ ਗਈ ਹੈ ਜਿਸ ਤਹਿਤ **NEP**-2020 ਲਾਗੂ ਕਰਨ ਹਿੱਤ ਹਰੇਕ ਬਲਾਕ ਦੇ 2-2 ਸਕੂਲਾਂ (**Elementary/High/Senior Seconadry**) ਦੀ ਚੋਣ ਕੀਤੀ ਜਾਣੀ ਹੈ। ਚੁਣੇ ਗਏ ਸਕੂਲਾਂ ਵਿੱਚ **NEP**-2020 ਦੇ ਸਾਰੇ **parameters** ਲਾਗੂ ਕੀਤੇ ਜਾਣਗੇ ਅਤੇ **Udise+** ਦੇ ਆਧਾਰ ਤੇ **Infrastructure gap** ਪੂਰੇ ਕਰਨ ਲਈ **funding** ਕੀਤੀ ਜਾਵੇਗੀ। ਇਸ ਸਕੀਮ ਦਾ **concept note** ਇਸ ਪੱਤਰ ਨਾਲ ਨੱਥੀ ਹੈ ਜਿਸ ਵਿੱਚ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਹੈ।

ਭਾਰਤ ਸਰਕਾਰ ਵੱਲੋ ਨਿਰਧਾਰਿਤ **parameters** ਅਨੁਸਾਰ ਜਿਲ੍ਹਾ ਬਠਿੰਡਾ ਦੇ 346 ਸਕੂਲ ਇਸ ਸਕੀਮ ਲਈ **Qualify** ਕੀਤੇ ਹਨ। ਭਾਰਤ ਸਰਕਾਰ ਵੱਲੋ ਹਰੇਕ ਬਲਾਕ ਦੇ 2 ਸਕੂਲਾਂ ਦੀ ਚੋਣ **challenge mode** ਰਾਹੀ ਕੀਤੀ ਜਾਵੇਗੀ ਜਿਸ ਦੇ ਲਈ ਭਾਰਤ ਸਰਕਾਰ ਵੱਲੋ ਪੋਰਟਲ **https://pmshrischools.education.gov.in/school/login** ਤਿਆਰ ਕੀਤਾ ਗਿਆ ਹੈ ਜਿਸ ਤੇ ਮਿਤੀ 30-11-2022 ਤੱਕ ਨਾਲ ਨੱਥੀ ਸਕੂਲਾਂ ਵੱਲੋਂ **apply** ਕੀਤਾ ਜਾ ਸਕਦਾ ਹੈ।

ਇਸ ਸਕੀਮ ਲਈ ਨਾਲ ਨੱਥੀ ਸਕੂਲਾ ਲਈ ਯੂਜਰ ਜਿਲ੍ਹਾ ਐਮ.ਆਈ.ਐਸ ਸ਼ਾਖਾ ਵੱਲੋਂ ਐਕਟੀਵੇਟ ਕਰ ਦਿੱਤੇ ਗਏ ਹਨ, ਜਿਸ ਦਾ ਰਜਿਸਟਰੇਸ਼ਨ ਲਿੰਕ ਆਪ ਸਭ ਦੀ ਈਮੇਲ ਤੇ ਵੀ ਭੇਜਿਆ ਜਾ ਚੁੱਕਾ ਹੈ। ਸਬੰਧਤ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ **login** ਕਰਨ ਲਈ ਈਮੇਲ ਤੇ ਭੇਜੇ ਗਏ ਲਿੰਕ ਜਾਂ ਉੱਪਰ ਦਿੱਤੇ ਲਿੰਕ ਤੇ ਸਕੂਲ ਮੁੱਖੀ/ਪ੍ਰਿਸੀਪਲ/ਇੰਚਾਰਜ ਦਾ ਮੋਬਾਇਲ ਨੰਬਰ ਅਤੇ ਯੂ-ਡਾਇਸ ਕੋਡ ਦਰਜ ਕਰਨ ਉਪਰੰਤ ਮੋਬਾਇਲ ਤੇ **OTP** ਪ੍ਰਾਪਤ ਹੋਣ ਤੇ **login** ਕਰਦੇ ਹੋਏ ਦਿੱਤੇ ਗਏ ਪ੍ਰਫਾਰਮੇ ਨੂੰ ਮਿਤੀ 30-11-2022 ਤੱਕ ਭਰਨਾ ਯਕੀਨੀ ਬਣਾਇਆ ਜਾਵੇ।

ਨੱਥੀ :- ਚੁਣੇ ਗਏ 90 ਸਕੂਲਾਂ ਦੀ ਲਿਸਟ।

15/11/2022
ਜਿਲ੍ਹਾ ਸਿੱਖਿਆ ਅਫਸਰ(ਐ.ਸਿ)
ਬਠਿੰਡਾ।

ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਬਠਿੰਡਾ।

Scanned with CamScanner